42

# ਝਗੜਾ ਹੋਣ ਤੇ ਭੈਭੀਤ ਨਾ ਹੋਵੋ

## (15:1-18)

ਮੈਨੂੰ ਝਗੜਾ, ਗਰਮਾ ਗਰਮ ਬਹਿਸ ਅਤੇ ਤਲਖੀ ਦੀਆਂ ਗੱਲਾਂ ਪਸੰਦ ਨਹੀਂ ਹਨ। ਮੈਂ ਕਿਸੇ ਆਦਮੀ ਨੂੰ ਕਿਸੇ ਦੂਜੇ ਨਾਲ ਨਰਾਜ਼ ਨਹੀਂ ਵੇਖ ਸਕਦਾ। ਮੈਨੂੰ ਕਈ ਲੋਕਾਂ ਵੱਲੋਂ ਛੇੜੀ ਗਈ ਬਹਿਸ ਕਰਕੇ ਪੈਦਾ ਹੋਏ ਘਿਣਾਉਣੇਪਨ ਅਤੇ ਨੀਚਤਾ ਉੱਤੇ ਅਫ਼ਸੋਸ ਹੁੰਦਾ ਹੈ। ਝਗੜਾ ਮੈਨੂੰ ਜਿਸਮਾਨੀ ਤੌਰ ਤੇ ਬੀਮਾਰ ਕਰ ਦਿੰਦਾ ਹੈ। ਫਿਰ ਵੀ ਝਗੜਾ ਜਾਂ ਬਹਿਸ ਜ਼ਿੰਦਗੀ ਦੀ ਇਕ ਸੱਚਾਈ ਹੈ ਭਾਵੇਂ ਉਹ ਖ਼ੁਦਾ ਦੇ ਲੋਕਾਂ ਵਿਚ ਹੀ ਹੋਵੇ (ਮੱਤੀ 10:34-36; ਲੂਕਾ 12:51-53; 1 ਕੁਰਿੰਥੀਆਂ 11:18, 19)। ਰਸੂਲਾਂ ਦੇ ਕੰਮ 15 ਵਿਚ ਸਾਨੂੰ ਕਲੀਸੀਆ ਵਿਚ ਝਗੜੇ ਦੀਆਂ ਦੋ ਸ਼ਾਨਦਾਰ ਮਿਸਾਲਾਂ ਮਿਲਦੀਆਂ ਹਨ: 1 ਤੋਂ 35 ਆਇਤਾਂ ਵਿਚ, ਸਿੱਖਿਆ ਸਬੰਧੀ ਅਸਹਿਮਤੀ ਮਿਲਦੀ ਹੈ ਅਤੇ 36 ਤੋਂ 41 ਆਇਤਾਂ ਵਿਚ ਸਾਨੂੰ ਵਿਚਾਰਾਂ ਦੇ ਵੱਖੋ ਵੱਖ ਹੋਣ ਦੀ ਗੱਲ ਮਿਲਦੀ ਹੈ। ਪਹਿਲਾ ਝਗੜਾ ਮੰਡਲੀ ਵਿਚ ਹੈ;[1] ਜਦ ਕਿ ਦੂਜਾ ਝਗੜਾ ਦੋ ਮਸੀਹੀ ਲੋਕਾਂ ਦਰਮਿਆਨ ਹੈ। ਸਵਾਲ ਇਹ ਨਹੀਂ ਹੈ ਕਿ ''ਕੀ ਕਲੀਸੀਆ ਵਿਚ ਕੋਈ ਝਗੜਾ ਹੋਵੇਗਾ?'' ਸਗੋਂ ਇਹ ਹੈ ਕਿ ''ਝਗੜਾ ਹੋਣ ਤੇ ਉਹਦਾ ਹੱਲ ਕਿਵੇਂ ਕੱਢਿਆ ਜਾਵੇ?''

ਪਿਛਲੇ ਪਾਠ ਵਿਚ ਅਸੀਂ 15:1-31 ਵਿਚ ਇਕ ਭਖਦੇ ਮਸਲੇ ਦੀ ਸਮੀਖਿਆ ਕੀਤੀ ਸੀ। ਇਸ ਅਤੇ ਅਗਲੇ ਪਾਠ ਵਿਚ ਇਹ ਜਾਣਨ ਲਈ ਕਿ ਕਲੀਸੀਆ ਵਿਚ ਪੈਦਾ ਹੋਏ ਇਸ ਝਗੜੇ ਦਾ ਹੱਲ ਪੌਲੁਸ ਅਤੇ ਹੋਰਨਾਂ ਨੇ ਕਿਵੇਂ ਕੱਢਿਆ, ਅਸੀਂ ਉਸੇ ਹਵਾਲੇ ਵਿਚ ਜਾਵਾਂਗੇ।[2] ਬਾਅਦ ਵਿਚ, ਮਸੀਹੀ ਲੋਕਾਂ ਵਿਚ ਨਿੱਜੀ ਅਸਹਿਮਤੀਆਂ ਬਾਰੇ ਅਧਿਐਨ ਕਰਨ ਲਈ ਅਸੀਂ ਅਧਿਆਇ 15 ਦੀਆਂ ਆਖ਼ਰੀ ਆਇਤਾਂ ਦੀ ਸਮੀਖਿਆ ਕਰਾਂਗੇ।

### ਭਲਾ ਝਗੜਾ ਆਪਣੇ ਆਪ ਮੁੱਕ ਜਾਏਗਾ? (15:1, 2)

ਕੁਝ ਲੋਕ ਅਜਿਹਾ ਸੋਚ ਕੇ ਕਿ ਝਗੜਾ ਹੈ ਹੀ ਨਹੀਂ, ਝਗੜੇ ਨੂੰ ਨਕਾਰਨ ਵਿਚ ਹੀ ਇਹਦਾ ਹੱਲ ਸਮਝਦੇ ਹਨ। ਸਲਾਹਕਾਰ ਇਸ ਨੂੰ ''ਪਿੱਛੇ ਹਟਣ ਦਾ ਢੰਗ'' ਕਹਿੰਦੇ ਹਨ ਅਤੇ ਆਖਦੇ ਹਨ ਕਿ ਅਜਿਹਾ ਕਰਨ ਵਾਲੇ ਦੇ ਮਨ ਵਿਚ ਆਪਣੇ ਜਾਂ ਜਿਸ ਨਾਲ ਉਸ ਦਾ ਝਗੜਾ ਹੈ, ਦੇ ਲਈ ਕੋਈ ਇੱਜ਼ਤ ਨਹੀਂ ਹੈ। ਇਸ ਢੰਗ ਨਾਲ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਜਦ ਝੂਠੀ ਸਿੱਖਿਆ ਦੇਣ ਵਾਲੇ ਯਰੂਸ਼ਲਮ ਤੋਂ ਆਏ (ਆਇਤ 1), ਤਾਂ ਪੌਲੁਸ ਅਤੇ ਬਰਨਾਬਾਸ ਨੇ ਇਹ ਉਮੀਦ ਕਰਕੇ ਕਿ ਆਪਣੇ ਆਪ ਸਭ ਕੁਝ ਠੀਕ ਹੋ ਜਾਵੇਗਾ, ਝਗੜੇ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਸੀ। ਸਗੋਂ ਉਨ੍ਹਾਂ ਨੇ ਇਸ ਦਾ ਮੁਕਾਬਲਾ ਕੀਤਾ (ਆਇਤ 2)।

ਮੰਡਲੀ ਵਿਚ ਹੋਣ ਵਾਲੇ ਝਗੜੇ ਦਾ ਹੱਲ ਕਦੇ ਨਾ ਕਦੇ ਕਰਨਾ ਹੀ ਪਵੇਗਾ। ਅਤੇ ਹੱਲ ਜਿੰਨੀ ਛੇਤੀ ਹੋ ਜਾਵੇ ਓਨਾ ਹੀ ਸੌਖਾ ਹੋਵੇਗਾ।[3]

ਕਈ ਲੋਕ ਆਪਣੇ ਆਪ ਨੂੰ ਉਨ੍ਹਾਂ ਮੰਡਲੀਆਂ ਤੋਂ ਜਿਨ੍ਹਾਂ ਵਿਚ ਕੋਈ ਮੁਸ਼ਕਿਲ ਹੁੰਦੀ ਹੈ, ਝਗੜੇ ਤੋਂ ''ਪਰੇ ਕਰਨ'' ਦੀ ਅਤਿ ਹੀ ਕਰ ਦਿੰਦੇ ਹਨ। ਮੈਂ ਕਈ ਲੋਕਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਕਈ ਸਾਲ ਪਹਿਲਾਂ ਬੰਦਗੀ ਵਿਚ ਆਉਣਾ ਇਸ ਕਰਕੇ ਬੰਦ ਕਰ ਦਿੱਤਾ ''ਕਿਉਂਕਿ ਕਲੀਸੀਆ ਵਿਚ ਉੱਥੇ ਕੋਈ ਮੁਸ਼ਕਿਲ ਸੀ।'' ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਅੰਤਾਕੀਆ ਦੀ ਮੰਡਲੀ ਵਿੱਚੋਂ ਕਿਸੇ ਨੇ ਕਿਹਾ ਹੋਵੇ ਕਿ ''ਜੇ ਉਨ੍ਹਾਂ ਦਾ ਝਗੜਾ ਅਤੇ ਬਹਿਸ ਇਵੇਂ ਹੀ ਚਲਦੀ ਰਹੀ, ਤਾਂ ਮੈਂ ਤਾਂ ਆਪਣੇ ਰਾਹ ਚੱਲਦਾ ਹਾਂ!'' ਕਿਸੇ ਮੰਡਲੀ ਵਿਚ ਪੈਦਾ ਹੋਏ ਝਗੜੇ ਨੂੰ ਨਿਪਟਾਉਣ ਵਿਚ ਮਦਦ ਕਰਨ ਤੋਂ ਪਹਿਲਾਂ, ਸਾਡੇ ਵਿੱਚੋਂ ਕਈਆਂ ਨੇ ਝਗੜੇ ਬਾਰੇ ਆਪਣੇ ਵਿਹਾਰ ਨੂੰ ਸੁਲਝਾਉਣ ਦੀ ਲੋੜ ਹੈ। ਸਾਡੇ ਵਿੱਚੋਂ ਕਿਸੇ ਨੂੰ ਵੀ ਪਰੇਸ਼ਾਨੀ ਚੰਗੀ ਨਹੀਂ ਲਗਦੀ,[4] ਪਰ ਜਦ ਮੰਡਲੀ ਉੱਤੇ ਪਰੇਸ਼ਾਨੀ ਆ ਹੀ ਪਵੇ, ਤਾਂ ਸਾਨੂੰ ਇਸ ਨੂੰ ਦੂਰ ਕਰਨ ਵਿਚ ਮਦਦ ਕਰਨੀ ਚਾਹੀਦੀ ਹੈ, ਇਸ ਤੋਂ ਭੱਜਣਾ ਨਹੀਂ ਚਾਹੀਦਾ।

## ਭਲਾ ਲੜਨ ਦਾ ਕੋਈ ਫ਼ਾਇਦਾ ਹੈ? (15:2)

ਕਲੀਸੀਆ ਵਿਚ ਝਗੜੇ ਨੂੰ ਨਿਪਟਾਉਣ ਤੋਂ ਪਹਿਲਾਂ ਇਹ ਤੈਅ ਕਰਨਾ ਜ਼ਰੂਰੀ ਹੈ ਕਿ ਅਸਹਿਮਤੀ ਹੈ ਕਿਸ ਗੱਲ ਤੇ। ਕੀ ਅਸੀਂ ਸਿੱਖਿਆ ਸਬੰਧੀ ਝਗੜੇ ਦੀ ਗੱਲ ਕਰ ਰਹੇ ਹਾਂ (ਜਿਵੇਂ ਰਸੂਲਾਂ ਦੇ ਕੰਮ 15 ਅਧਿਆਇ ਵਿਚ ਹੋਇਆ ਸੀ), ਜਾਂ ਅਸੀਂ ਕਿਸੇ ਦੇ ਜਜ਼ਬਾਤ ਨੂੰ ਠੋਕਰ ਲੱਗਣ ਦੀ ਗੱਲ ਕਰ ਰਹੇ ਹਾਂ (ਜਿਵੇਂ ਰਸੂਲਾਂ ਦੇ ਕੰਮ 6 ਅਧਿਆਇ ਵਿਚ ਹੋਇਆ ਸੀ)? ਮੇਰਾ ਤਜਰਬਾ ਇਹ ਰਿਹਾ ਹੈ ਕਿ ਕਿਸੇ ਮੰਡਲੀ ਵਿਚ ਸਿੱਖਿਆ ਸਬੰਧੀ ਝਗੜੇ ਬਹੁਤ ਘੱਟ ਅਤੇ ਟਾਵੇਂ ਟਾਵੇਂ ਹੁੰਦੇ ਹਨ, ਪਰ ਕਦੇ ਕਦੇ ਹੋ ਵੀ ਜਾਂਦੇ ਹਨ। ਅਜਿਹਾ ਹੋਣ ਤੇ ਯਹੂਦਾ ਦੀ ਤਾੜਨਾ ਵਾਜਬ ਹੈ: ''ਉਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ, ਯਤਨ ਕਰੋ'' (ਯਹੂਦਾ 3)। ਇਸੇ ਕਰਕੇ ਝੂਠੀ ਸਿੱਖਿਆ ਦੇਣ ਵਾਲਿਆਂ ਨਾਲ ''ਪੌਲੁਸ ਅਤੇ ਬਰਨਾਬਾਸ ਦਾ ... ਝਗੜਾ ਅਤੇ ਵਾਦ ਬਹੁਤ ਹੋਇਆ'' (ਰਸੂਲਾਂ ਦੇ ਕੰਮ 15:2)।

ਪਰ ਮੰਡਲੀਆਂ ਦੇ ਬਹੁਤ ਸਾਰੇ ਝਗੜੇ ਜੋ ਮੈਂ ਵੇਖੇ ਹਨ, ਉਨ੍ਹਾਂ ਵਿਚ ਸਿੱਖਿਆ ਦੀ ਬਜਾਏ ਨਿੱਜੀ ਲੜਾਈ ਬਹੁਤੀ ਹੁੰਦੀ ਹੈ। ਕਿਤੇ ਕਿਤੇ ਵਿਚਾਰਾਂ ਵਿਚ ਫ਼ਰਕ ਸੀ ਕਿ ਕੋਈ ਕੰਮ ਕਿਵੇਂ ਕੀਤਾ ਜਾਣਾ ਚਾਹੀਦਾ ਹੈ। ਕਿਤੇ ਕਿਸੇ ਨੂੰ ਲੱਗਾ (ਸਹੀ ਜਾਂ ਗਲਤ) ਕਿ ਉਹਦੇ ਨਾਲ ਮਾੜੀ ਹੋਈ ਹੈ। ਬਹੁਤ ਸਾਰੇ ਮਾਮਲਿਆਂ ਵਿਚ, ਜੇ ਮਾਮਲਾ ਵਚਨ ਦੇ ਮੁਤਾਬਕ ਸੁਲਝਾ ਲਿਆ ਗਿਆ[5] ਤਾਂ ਉਸ ਵਿਚ ਗਿਣਤੀ ਮਿਣਤੀ ਦੇ ਲੋਕ ਸ਼ਾਮਲ ਹੋਏ ਹੋਣਗੇ; ਪਰ ਝਗੜਾ ਕਰਨ ਵਾਲਿਆਂ ਨੇ ਲੋਕਾਂ ਨੂੰ ਆਪਣੇ ਮਗਰ ਲਾ ਲਿਆ ਅਤੇ ਸਾਰੀ ਮੰਡਲੀ ਵਿਚ ਉਹ ਝਗੜਾ ਵੱਧ ਗਿਆ। ਚਲਾਕੀ ਭਰੀਆਂ ਚਾਲਾਂ ਨਾਲ ਮੰਡਲੀ ਵਿਚ ਗੜਬੜੀਆਂ ਫੈਲਾਉਣ ਵਾਲੇ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਖ਼ੁਦਾ ਦੀ ਨਫ਼ਰਤ ਦੀ ਸੂਚੀ ਵਿਚ ਸਭ ਤੋਂ ਉੱਤੇ ''ਭਾਈਆਂ ਵਿਚ ਝਗੜਾ ਪਾਉਣ ਵਾਲਾ'' ਹੀ ਹੈ (ਕਹਾਉਤਾਂ 6:16, 19)।[6]

ਜੇ ਝਗੜੇ ਵਿਚ ਸਿੱਖਿਆ ਬਾਰੇ ਕੋਈ ਜ਼ਰੂਰੀ ਸਿਧਾਂਤ ਹੈ ਤਾਂ ਸਾਨੂੰ ਪੌਲੁਸ ਦੀ ਨਕਲ ਕਰਨੀ ਚਾਹੀਦੀ ਹੈ ਅਤੇ ''ਇਕ ਘੜੀ ਵੀ ਅਧੀਨ ਹੋ ਕੇ ਉਨ੍ਹਾਂ ਦੇ ਵੱਸ ਵਿਚ ਨਾ (ਆਓ), ਤਾਂ ਜੋ ਖੁਸ਼ਖ਼ਬਰੀ ਦੀ ਸਚਿਆਈ ... ਬਣੀ ਰਹੇ'' (ਗਲਾਤੀਆਂ 2:5)। ਦੂਜੇ ਪਾਸੇ, ਜੇ ਕੋਈ

ਝਗੜਾ ਜਜ਼ਬਾਤ ਤੇ ਸੱਟ ਵੱਜਣ ਜਾਂ ਵਿਚਾਰਾਂ ਵਿਚ ਫ਼ਰਕ ਦਾ ਹੈ, ਤਾਂ ''ਅਸੀਂ ਉਨ੍ਹਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇਕ ਦੂਏ ਦੀ ਤਰੱਕੀ ਹੋਵੇ'' (ਰੋਮੀਆਂ 14:19)। ਆਓ ਆਪਣੇ ਕੁਚਲੇ ਹੋਏ ਹੰਕਾਰ ਨੂੰ ਭੁੱਲਣ ਅਤੇ ਦੂਜਿਆਂ ਦੀ ਸਮਝ ਤੋਂ ਫ਼ਾਇਦਾ ਲੈਣ ਲਈ ਤਿਆਰ ਰਹੀਏ। ਜਿਸ ਕਲੀਸੀਆ ਲਈ ਯਿਸੂ ਨੇ ਆਪਣੀ ਜਾਨ ਦਿੱਤੀ, ਉਹਦਾ ਮੇਲ ਮਿਲਾਪ (ਰਸੂਲਾਂ ਦੇ ਕੰਮ 20:28) ਕਿਸੇ ਵੀ ਰੂਪ ਵਿਚ ਸਾਡੇ ਜਜ਼ਬਾਤ ਅਤੇ ਖ਼ਿਆਲਾਂ ਨਾਲੋਂ ਵੱਧ ਅਹਿਮ ਹੈ।

## ਭਲਾ ਮਦਦ ਦੀ ਉਮੀਦ ਕਰਨੀ ਸਹੀ ਹੈ? (15:2)

ਜਦ ਅੰਤਾਕੀਆ ਦੀ ਕਲੀਸੀਆ ਵਿਚ ਝਗੜਾ ਖੜਾ ਹੋਇਆ, ''ਤਾਂ ਇਹ ਗੱਲ ਠਹਿਰੀ ਜੋ ਪੌਲੁਸ ਅਤੇ ਬਰਨਾਬਾਸ ਅਤੇ ਕਈ ਹੋਰ ਮਨੁੱਖ ਉਨ੍ਹਾਂ ਵਿੱਚੋਂ ਇਸ ਗੱਲ ਦੇ ਸਹੀ ਕਰਨ ਨੂੰ ਰਸੂਲਾਂ ਅਤੇ ਬਜ਼ੁਰਗਾਂ ਦੇ ਕੋਲ ਯਰੂਸ਼ਲਮ ਨੂੰ ਜਾਣ'' (ਆਇਤ 2)। ਮੈਨੂੰ ਪਤਾ ਹੈ ਕਿ ਇਹ ਇਕ ਖ਼ਾਸ ਹਾਲਾਤ ਸਨ। ਜਿਸ ਵਿਚ ਬਾਈਬਲ ਦਾ ਸਿਧਾਂਤ ਅਤੇ ਆਤਮਾ ਦੀ ਪ੍ਰੇਰਣਾ ਪਾਏ ਹੋਏ ਲੋਕ (ਰਸੂਲ) ਸ਼ਾਮਲ ਸਨ। ਝਗੜਾ ਹੋਣ ਤੇ ਬੁਨਿਆਦੀ ਤੌਰ ਤੇ ਸਾਡੇ ਲਈ ਨਵੇਂ ਨੇਮ ਨਾਲ ਕਿਸੇ ਗੱਲ ਨੂੰ ਮਿਲਾਉਣਾ ਉਵੇਂ ਹੀ ਹੈ ਜਿਵੇਂ ਅੰਤਾਕੀਆ ਦੇ ਭਾਈਆਂ ਨੇ ਯਰੂਸ਼ਲਮ ਵਿਚ ਰਸੂਲਾਂ ਨਾਲ ਗੱਲ ਕੀਤੀ ਸੀ। ਪਰ ਮੈਨੂੰ ਨਹੀਂ ਲਗਦਾ ਕਿ ਵਚਨ ਦੇ ਆਮ ਸਿਧਾਂਤ ਤੋਂ ਕੁਝ ਹੱਟ ਕੇ ਵਚਨ ਦਾ ਵਿਰੋਧ ਹੁੰਦਾ ਹੈ। ਭਾਵੇਂ ਹਰ ਮੰਡਲੀ ਅਜ਼ਾਦ (ਖ਼ੁਦ ਮੁਖਤਿਆਰ) ਹੈ,[7] ਪਰ ਮੰਡਲੀ ਦੇ ਆਗੂਆਂ ਨੂੰ ਇਹ ਇਜਾਜ਼ਤ ਹੈ ਕਿ ਕਿਸੇ ਝਗੜੇ ਦੇ ਹੱਲ ਲਈ ਉਹ ਬਾਹਰ ਤੋਂ ਮਦਦ ਦੀ ਉਮੀਦ ਕਰ ਸਕਦੇ ਹਨ।

ਆਮ ਤੌਰ ਤੇ ਅਜਿਹਾ ਝਗੜੇ ਵਿਚ ਸ਼ਾਮਿਲ ਲੋਕਾਂ ਵੱਲੋਂ ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਕੁਝ ਲੋਕਾਂ ਦੀ ਸਲਾਹ ਦੀ ਖ਼ਾਹਿਸ਼ ਕਰਨ ਤੇ ਜਿਨ੍ਹਾਂ ਦੇ ਫੈਸਲੇ ਦਾ ਉਹ ਸਨਮਾਨ ਕਰਦੇ ਹਨ, ਅਸਿੱਧੇ ਤੌਰ ਤੇ ਹੁੰਦਾ ਹੈ। ਮੈਨੂੰ ਆਸਟ੍ਰੇਲੀਆ ਦੀ ਗੱਲ ਯਾਦ ਆਉਂਦੀ ਹੈ ਜਦ ਮੇਰਾ ਭਰਾ ਕੋਏ ਅਤੇ ਮੈਂ ਇਕ ਭਾਈ ਤੋਂ ਇਹ ਪੁੱਛਣ ਗਏ ਕਿ ਇਸ ਬਾਰੇ ਉਹਦਾ ਕੀ ਖ਼ਿਆਲ ਹੈ ਕਿ ਅਸੀਂ ਕੀ ਕਰੀਏ। ਪਰ ਕਦੇ ਕਦੇ ਸਿੱਧੇ ਮਦਦ ਦੀ ਇੱਛਾ ਕੀਤੀ ਜਾਂਦੀ ਹੈ। ਮੈਂ ਮੰਡਲੀਆਂ ਦੀਆਂ ਸਭਾਵਾਂ ਵਿਚ ਵੇਖਿਆ ਹੈ ਕਿ ਉਸ ਇਲਾਕੇ ਦੇ ਸਨਮਾਨਤ ਭਾਈਆਂ ਨੂੰ ਕਿਹਾ ਗਿਆ ਕਿ ਵਿਰੋਧੀ ਵਿਚਾਰਾਂ ਦੇ ਦਰਮਿਆਨ ਉਹ ਵਿਚੋਲਗੀ ਕਰਨ। ਬਾਹਰ ਤੋਂ ਆਉਣ ਵਾਲੇ ਭਾਈਆਂ ਨੂੰ ਉਨ੍ਹਾਂ ਮੰਡਲੀਆਂ ਦੇ ਝਗੜੇ ਬਾਰੇ ਉਨ੍ਹਾਂ ਉੱਤੇ ਕੋਈ ਅਧਿਕਾਰ ਨਹੀਂ ਸੀ, ਪਰ ਉਹ ਉਨ੍ਹਾਂ ਹਾਲਾਤਾਂ ਨੂੰ ਜੋ ਝਗੜੇ ਦਾ ਕਾਰਣ ਬਣੇ, ਝਗੜੇ ਵਿਚ ਸ਼ਾਮਿਲ ਮੰਡਲੀਆਂ ਦਾ ਪੱਖ ਨਿਰਪੱਖ ਰੂਪ ਵਿਚ ਵੇਖ ਸਕਦੇ ਸਨ।[8]

ਮੈਂ ਤੁਹਾਨੂੰ ਇਹ ਤਾਂ ਨਹੀਂ ਦੱਸ ਸਕਦਾ ਕਿ ਬਾਹਰ ਤੋਂ ਮਦਦ ਕਦੋਂ ਲੈਣੀ ਚਾਹੀਦੀ ਹੈ ਅਤੇ ਕਦੋਂ ਨਹੀਂ। ਮੈਂ ਸਿਰਫ਼ ਇਹੀ ਕਹਿ ਰਿਹਾ ਹਾਂ ਕਿ ਜੇ ਤੁਸੀਂ ਮੰਡਲੀ ਦੇ ਕਿਸੇ ਝਗੜੇ ਨੂੰ ਨਿਪਟਾਉਣ ਦੀ ਦਿਲੋ ਜਾਨ ਨਾਲ ਕੋਸ਼ਿਸ਼ ਕਰ ਚੁੱਕੇ ਹੋ ਫਿਰ ਵੀ ਉਹ ਸੁਲਝਿਆ ਨਹੀਂ ਹੈ, ਤਾਂ ਹੰਕਾਰ ਛੱਡ ਕੇ ਦੂਜਿਆਂ ਦੀ ਮਦਦ ਲਓ।

ਇੱਥੇ ਇਹ ਜ਼ੋਰ ਦੇਣਾ ਸਹੀ ਹੈ ਕਿ ਰਸੂਲਾਂ ਦੇ ਕੰਮ 15 ਦੀਆਂ ਘਟਨਾਵਾਂ ਕਲੀਸੀਆ ਦੀਆਂ ਮੁਸ਼ਕਿਲਾਂ ਦੇ ਹੱਲ ਲਈ *ਵਾਧੂ ਕਲੀਸੀਆਈ ਸੰਗਠਨਾਂ* ਦੇ ਬਣਾਉਣ ਨੂੰ ਜਾਇਜ਼ ਨਹੀਂ ਠਹਿਰਾਉਂਦੀਆਂ। ਫਿਰਕੂ ਕਲੀਸੀਆਵਾਂ ਕਾਨਫ੍ਰੰਸਾਂ ਅਤੇ ਕਨਵੈਂਸ਼ਨਾਂ ਨੂੰ ਸਹੀ ਠਹਿਰਾਉਣ

ਲਈ ਰਸੂਲਾਂ ਦੇ ਕੰਮ 15 ਅਧਿਆਇ ਦੀ ਵਰਤੋਂ ਕਰਦੀਆਂ ਹਨ। ਕੈਥੋਲਿਕ ਚਰਚ ਯਰੂਸ਼ਲਮ ਦੀ ਸਭਾ ਨੂੰ ''ਪਹਿਲੀ ਵਿਸ਼ਵ ਵਿਆਪੀ ਸਭਾ'' ਕਹਿੰਦੀ ਹੈ। ਪਰ ਰਸੂਲਾਂ ਦੇ ਕੰਮ 15 ਅਧਿਆਇ ਦੇ ਹਾਲਾਤ ਅਜਿਹੇ ਨਹੀਂ ਸਨ ਜਿਸ ਵਿਚ ਕਲੀਸੀਆ ਦੇ ਮੁੱਦਿਆਂ ਤੇ ਵੋਟ ਪਾਉਣ ਲਈ ਮੰਡਲੀਆਂ ਵੱਲੋਂ ਰਹਿਨੁਮਾ (ਨੁਮਾਇੰਦੇ) ਭੇਜੇ ਗਏ ਹੋਣ। ਸਗੋਂ ਇਕ ਮੰਡਲੀ ਦੇ ਪੁਰਖ ਹੀ ਦੂਜੀ ਮੰਡਲੀ ਵਿਚ ਗਏ। ਫਿਰਕੂ ਕਲੀਸੀਆਵਾਂ ਦੇ ਲੇਖਕ ਵੀ ਸਮਝਦੇ ਹਨ ਕਿ ਇਹ ਕਲੀਸੀਆ ਦੀ ਕੋਈ ਵਾਧੂ ਸਭਾ ਜਾਂ ਕਾਨਫ੍ਰੰਸ ਨਹੀਂ ਸੀ:

> ਇਕੱਠੇ ਹੋਣਾ ਡਿਨੋਮਿਨੇਸ਼ਨ ਦੇ ਅਰਥ ਵਿਚ ''ਚਰਚ ਕੌਂਸਿਲ'' ਨਹੀਂ ਸੀ ... ਹਰ ਸਥਾਨਕ ਕਲੀਸੀਆ ਅਜ਼ਾਦ ਸੀ।[9]

> ਯਰੂਸ਼ਲਮ ਦੀ ਕਥਿਤ ਸਭਾ ਕਲੀਸੀਆ ਦੀਆਂ ਆਮ ਸਭਾਵਾਂ ਨਾਲ, ਆਪਣੇ ਇਤਿਹਾਸ ਸਵਿੰਧਾਨ ਜਾਂ ਮਕਸਦ ਨਾਲ ਕਿਸੇ ਵੀ ਤਰ੍ਹਾਂ ਮੇਲ ਨਹੀਂ ਖਾਂਦੀ। ਇਹ ਮਸਹ ਕੀਤੇ ਹੋਏ ਨਮਾਇੰਦਿਆਂ ਦੀ ਕਨਵੈਂਸ਼ਨ ਨਹੀਂ ਸਗੋਂ ਅੰਤਾਕੀਆ ਦੀ ਕਲੀਸੀਆ ਤੋਂ ਆਏ ਨੁਮਾਇੰਦਿਆਂ ਨੂੰ ਕਬੂਲ ਕਰਨ ਲਈ ਯਰੂਸ਼ਲਮ ਦੀ ਪੂਰੀ ਕਲੀਸੀਆ ਦੀ ਸਭਾ ਸੀ।[10]

## ਭਲਾ ਮੈਂ ਐਨਾ ਵੱਡਾ ਹਾਂ ਕਿ ਹੰਕਾਰ ਨਾ ਪੀ ਸਕਾਂ? (15:2, 3)

ਮੈਂ ਪਹਿਲਾਂ ਹੀ ਹੰਕਾਰ ਦਾ ਜ਼ਿਕਰ ਕੀਤਾ ਹੈ, ਪਰ ਇਸ ਸਲਾਹ ਨੂੰ ਦੁਹਰਾਉਣਾ ਫ਼ਾਇਦੇਮੰਦ ਹੈ: ਐਨੇ ਵੱਡੇ ਹੋ ਜਾਓ ਕਿ ਜੇ ਤੁਹਾਨੂੰ ਆਪਣੇ ਹੰਕਾਰ ਨੂੰ ਵੀ ਨਿਗਲਣ ਦੀ ਲੋੜ ਪਵੇਂ ਤਾਂ ਤੁਸੀਂ ਉਸ ਨੂੰ ਨਿਗਲ ਸਕੋ। ਇੱਥੇ ਸਾਨੂੰ ਅਜਿਹੇ ਆਦਮੀ ਦੀ ਸੰਪੂਰਣ ਮਿਸਾਲ ਮਿਲਦੀ ਹੈ ਜੋ ਬਿਲਕੁਲ ਇੰਜ ਹੀ ਕਰਨ ਦਾ ਚਾਹਵਾਨ ਸੀ। ਜਦ ਅੰਤਾਕੀਆ ਦੀ ਕਲੀਸੀਆ ਨੇ ਇਹ ਵੇਖਣ ਲਈ ਕਿ ਉਸ ਬਾਰੇ ਆਗੂਆਂ ਦਾ ਕੀ ਵਿਚਾਰ ਹੈ, ਯਰੂਸ਼ਲਮ ਵਿਚ ਕੁਝ ਲੋਕ ਭੇਜੇ (ਆਇਤ 2) ਤਾਂ ਇਹ ਪੌਲੁਸ ਦੇ ਮੂੰਹ ਉੱਤੇ ਚਪੇੜ ਵਾਂਗ ਸੀ। ਉਹ ਇਸ ਬਾਰੇ ਬੋਲਣ ਲਈ ਯਰੂਸ਼ਲਮ ਵਿਚ ਰਹਿਣ ਵਾਲੇ ਕਿਸੇ ਵੀ ਰਸੂਲ ਵਾਂਗ ਕਾਬਲ ਸੀ। ਬਾਅਦ ਵਿਚ ਉਸ ਨੇ ਜ਼ੋਰ ਦੇ ਕੇ ਕਿਹਾ ਕਿ ਜਦ ਉਹ ਯਰੂਸ਼ਲਮ ਵਿਚ ਗਿਆ ਤਾਂ ਬਾਈਬਲ ਦੀਆਂ ਸੱਚਾਈਆਂ ਨੂੰ ਸਮਝਣ ਵਿਚ ਉਨ੍ਹਾਂ ਵਿੱਚੋਂ ਕਿਸੇ ਨੇ ਯੋਗਦਾਨ ਨਹੀਂ ਦਿੱਤਾ ਸੀ (ਗਲਾਤੀਆਂ 1:17; 2:6)। ਫਿਰ ਪੌਲੁਸ ਯਰੂਸ਼ਲਮ ਵਿਚ ਜਾਣ ਲਈ ਸਹਿਮਤ ਕਿਉਂ ਹੋ ਗਿਆ? ਗਲਾਤੀਆਂ 2:2 ਵਿਚ ਉਸ ਨੇ ਦੱਸਿਆ ਕਿ ''ਮੇਰਾ ਜਾਣਾ ਪ੍ਰਕਾਸ਼ ਬਾਣੀ ਦੇ ਅਨੁਸਾਰ ਸੀ।'' ਕਿਸੇ ਨਾ ਕਿਸੇ ਤਰ੍ਹਾਂ ਖ਼ੁਦਾ ਨੇ ਇਸ ਰਸੂਲ ਨੂੰ ਦੱਸਿਆ ਕਿ ਏਕਤਾ ਦੀ ਖ਼ਾਤਰ ਉਸ ਨੂੰ ਉਵੇਂ ਹੀ ਕਰਨਾ ਚਾਹੀਦਾ ਹੈ ਜਿਵੇਂ ਉਸ ਨੇ ਅੰਤਾਕੀਆ ਦੇ ਭਾਈਆਂ ਦੇ ਕਹਿਣ ਤੇ ਕੀਤਾ ਸੀ: ਉਸ ਨੂੰ ਯਰੂਸ਼ਲਮ ਜਾਣਾ ਚਾਹੀਦਾ ਹੈ (ਰਸੂਲਾਂ ਦੇ ਕੰਮ 15:3)। ਇੰਜ ਕੋਈ ਵੱਡਾ ਆਦਮੀ ਹੀ ਕਰ ਸਕਦਾ ਹੈ। ਕਹਾਉਤਾਂ 16:18 ਕਹਿੰਦਾ ਹੈ ਕਿ ''ਨਾਸ ਤੋਂ ਪਹਿਲਾਂ ਹੰਕਾਰ'' ਹੁੰਦਾ ਹੈ। ਆਮ ਤੌਰ ਤੇ ਹੰਕਾਰ ਦਾ ਹੋਣਾ ਮੰਡਲੀ ਦੇ ਨਾਸ ਦਾ ਕਾਰਣ ਬਣਦਾ ਹੈ। ਇਸ ਲਈ ਐਨੇ ਵੱਡੇ ਹੋ ਜਾਓ ਕਿ ਤੁਸੀਂ ਆਪਣੇ ਹੰਕਾਰ ਨੂੰ ਨਿਗਲ ਸਕੋ।

## ਭਲਾ ਮੈਂ ਇਸ ਬਾਰੇ ਗੱਲ ਕਰਨ ਨੂੰ ਤਿਆਰ ਹਾਂ?(15:3-5)

ਝਗੜੇ ਤੋਂ ''ਦੂਰ ਰਹਿਣ'' ਦੀ ਗੱਲ ਤੇ ਯਕੀਨ ਰੱਖਣ ਵਾਲੇ ਆਦਮੀ ਦਾ ਬੇਹਤਰੀਨ ਜਵਾਬ ਇਹ ਹੈ: ''ਮੈਂ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ!'' ਪੌਲੁਸ ਅਤੇ ਬਰਨਾਬਾਸ ਨੇ ਅਜਿਹਾ ਨਹੀਂ ਕਿਹਾ:

> ਜਾਂ ਉਹ ਕਲੀਸੀਆ ਵੱਲੋਂ ਕੁਝ ਦੂਰ ਪੁਚਾਏ ਗਏ[11] ਤਾਂ ਫੈਨੀਕੇ ਅਤੇ ਸਾਮਰਿਯਾ ਦੇ ਵਿੱਚੋਂ ਦੀ ਲੰਘਦੇ ਹੋਏ ਪਰਾਈਆਂ ਕੌਮਾਂ ਦਿਆਂ ਲੋਕਾਂ ਦੇ ਮਨ ਫਿਰਨ ਦੀ ਖਬਰ ਦਿੰਦੇ ਗਏ ਅਤੇ ਸਭਨਾਂ ਭਾਈਆਂ ਨੂੰ ਬਹੁਤ ਖੁਸ਼ ਕੀਤਾ।[12] ਜਾਂ ਯਰੂਸ਼ਲਮ ਵਿਚ ਪਹੁੰਚੇ[13] ਤਾਂ ਕਲੀਸੀਆ ਅਤੇ ਰਸੂਲਾਂ ਅਤੇ ਬਜ਼ੁਰਗਾਂ[14] ਨੇ ਉਨ੍ਹਾਂ ਦਾ ਆਦਰ ਭਾਉ ਕੀਤਾ ਅਤੇ ਉਨ੍ਹਾਂ ਨੇ ਜੋ ਕੁਝ ਪ੍ਰਮੇਸ਼ਵਰ ਨੇ ਉਨ੍ਹਾਂ ਦੇ ਨਾਲ ਕੀਤਾ ਸੀ ਸੋ ਸੁਣਾ ਦਿੱਤਾ (ਆਇਤ 3, 4)।

ਸਪਸ਼ਟ ਤੌਰ ਤੇ ਇਹ ਇਕ ਆਮ ਸਭਾ ਸੀ ਜਿਸ ਵਿਚ ਪੌਲੁਸ ਅਤੇ ਬਰਨਬਾਸ ਨੂੰ ਆਪਣੇ ਕੰਮ ਬਾਰੇ ਦੱਸਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਜਿਸ ਦੌਰਾਨ ਯਹੂਦੀ ਸਿੱਖਿਆ ਦੇਣ ਵਾਲੇ ਸਿੱਖਿਅਕਾਂ ਨੂੰ ਵੀ ਬੋਲਣ ਦੀ ਇਜਾਜ਼ਤ ਦਿੱਤੀ ਗਈ ਸੀ (ਆਇਤ 5)।

ਪੌਲੁਸ ਅਤੇ ਅਤੇ ਬਰਨਾਬਾਸ ਨੇ ਮੁਸ਼ਕਿਲ ਬਾਰੇ ਬੋਲਣ ਲਈ ਹਰ ਮੌਕੇ ਦਾ ਫ਼ਾਇਦਾ ਉਠਾਇਆ। ਜੇ ਗਲਾਤੀਆਂ 2 ਅਧਿਆਇ ਰਸੂਲਾਂ ਦੇ ਕੰਮ 15 ਦੀ ਆਇਤ 5 ਵਾਲੀ ਸਭਾ ਅਤੇ 6 ਤੋਂ 29 ਆਇਤਾਂ ਵਾਲੀ ਸਭਾ ਬਾਰੇ ਦੱਸਦਾ ਹੈ, ਤਾਂ ਪੌਲੁਸ ਅਤੇ ਬਰਨਬਾਸ ਯਹੂਦੀਆਂ ਦੀ ਕਲੀਸੀਆ ਦੇ ਆਗੂਆਂ ਨੂੰ ਇਕਾਂਤ ਵਿਚ ਮਿਲੇ। ਝਗੜੇ ਮੁੱਦਿਆਂ ਤੇ ਖੁੱਲ੍ਹ ਕੇ ਚਰਚਾ ਕਰਨ ਤੇ ਉਨ੍ਹਾਂ ਨੇ ਪਾਇਆ ਕਿ ਉਨ੍ਹਾਂ ਦੇ ਵਿਚਾਰ ਮਿਲਦੇ ਜੁਲਦੇ ਹਨ (ਜਿਵੇਂ ਸਾਨੂੰ ਉਮੀਦ ਹੋਵੇਗੀ ਕਿ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੋਕਾਂ ਨੇ ਸਿੱਖਿਆ ਨਾਲ ਜੁੜੇ ਮੁੱਦਿਆਂ ਤੇ ਚਰਚਾ ਕੀਤੀ)। ''... ਤਾਂ ਯਾਕੂਬ ਅਤੇ ਕੇਫ਼ਾਸ ਅਤੇ ਯੂਹੰਨਾ ਨੇ ... [ਪੌਲੁਸ] ਨਾਲ ਅਤੇ ਬਰਨਬਾਸ ਨਾਲ ਸਾਂਝ ਦੇ ਸੱਜੇ ਹੱਥ ਮਿਲਾਏ ...'' (ਗਲਾਤੀਆਂ 2:9)। ਮੁਸ਼ਕਿਲ ਬਾਰੇ ਪੌਲੁਸ ਅਤੇ ਬਰਨਬਾਸ ਦੇ ਖੁੱਲ ਕੇ ਗੱਲ ਕਰਨ ਦੀ ਇੱਛਾ ਨਾਲ ਕਲੀਸੀਆ ਵਿਚ ਸ਼ਾਂਤੀ ਹੋਣ ਵਾਲੀ ਸੀ।

ਹਰ ਝਗੜੇ ਦਾ ਹੱਲ ਗਲਬਾਤ ਰਾਹੀਂ ਨਹੀਂ ਹੋ ਸਕਦਾ, ਪਰ ਇਕ ਗੱਲ ਪੱਕੀ ਹੈ ਕਿ *ਕਿਸੇ ਵੀ* ਝਗੜੇ ਦਾ ਹੱਲ ਦੋਹਾਂ ਧਿਰਾਂ ਵੱਲੋਂ ਵੱਖੋ ਵੱਖ ਨਜ਼ਰੀਏ ਤੇ ਵਿਚਾਰ ਵਟਾਂਦਰਾ ਕਰਨ ਦੀ ਇੱਛਾ ਦੇ ਬਗੈਰ ਨਹੀਂ ਹੋ ਸਕਦਾ। ਜਦ ਤੁਸੀਂ ਕਿਸੇ ਭਾਈ ਨਾਲ ਅਸਹਿਮਤ ਹੁੰਦੇ ਹੋ, ਤਾਂ ਝਗੜੇ ਦੇ ਆਪਣੇ ਮੁੱਦੇ ਤੇ ਗੱਲ ਕਰਨ ਲਈ ਆਹਮੋ ਸਾਹਮਣੇ ਬੈਠਣ ਦੀ ਹਿੰਮਤ ਕਰੋ।

## ਭਲਾ ਮੈਂ ਸੁਣਨਾ ਸਿੱਖ ਲਿਆ ਹੈ?(15:6, 7)

ਝਗੜੇ ਦਾ ਤਸੱਲੀਬਖ਼ਸ਼ ਹੱਲ ਕੱਢਣ ਲਈ ਦੂਜੀ ਆਮ ਸਭਾ ਹੋਈ: ''ਤਾਂ ਰਸੂਲ ਅਤੇ ਬਜ਼ੁਰਗ ਇਕੱਠੇ ਹੋਏ ਭਈ ਏਸ ਗੱਲ ਨੂੰ ਸੋਚਣ'' (ਆਇਤ 6)। ਅੱਗੇ ਪਤਾ ਲਗਦਾ ਹੈ ਕਿ ''ਸਾਰੀ ਕਲੀਸੀਆ'' ਮੌਜੂਦ ਸੀ (ਆਇਤ 22; ਆਇਤ 12 ਵੀ ਵੇਖੋ)। ਆਇਤ 7 ਕਹਿੰਦੀ ਹੈ, ''ਅਰ ਜਾਂ ਬਹੁਤ ਵਿਵਾਦ ਹੋਇਆ ਤਾਂ ਪਤਰਸ ਨੇ ਉੱਠ ਕੇ ਉਨ੍ਹਾਂ ਨੂੰ ਆਖਿਆ...'' ''ਬਹੁਤ ਵਿਵਾਦ ਹੋਇਆ'' ਸ਼ਬਦਾਂ ਤੇ ਝਪਟਾ ਨਾ ਮਾਰੋ।[15] ਪਤਰਸ, ਪੌਲੁਸ, ਬਰਨਬਾਸ

ਅਤੇ ਯਾਕੂਬ ਦੇ ਬੋਲਣ ਦੇ ਬਾਅਦ, ਜ਼ਾਹਰ ਹੈ ਕਿ ਸਭ ਨੂੰ ਬੋਲਣ ਦਾ ਮੌਕਾ ਮਿਲਿਆ ਹੋਵੇਗਾ। ਸਾਡੇ ਨਾਲ ਅਸਹਿਮਤ ਹੋਣ ਵਾਲਿਆਂ ਦੇ ਮੂੰਹ ਬੰਦ ਕਰਕੇ ਏਕਤਾ ਹਾਸਲ ਨਹੀਂ ਕੀਤੀ ਜਾ ਸਕਦੀ। ਸਭ ਨੂੰ ਜੋ ਉਨ੍ਹਾਂ ਦੇ ਦਿਲਾਂ ਵਿਚ ਹੈ, ਇਸ ਸਮਝ ਨਾਲ ਇਜ਼ਹਾਰ ਕਰਨ ਦੀ ਇਜਾਜ਼ਤ ਦਿਓ ਕਿ *''ਹਰ ਕੋਈ ਆਪਣੇ ਵਿਚਾਰ ਤਾਂ ਦੇ ਸਕਦਾ ਹੈ, ਪਰ ਆਪਣੀ ਗੱਲ ਧੱਕੇ ਨਾਲ ਮਨਵਾ ਨਹੀਂ ਸਕਦਾ।''*

ਆਓ ਇਸ ਸਲਾਹ ਉੱਤੇ ਧਿਆਨ ਦਈਏ ਕਿ ਜਦ ਦੂਸਰੇ ਬੋਲਦੇ ਹੋਣ, ਤਾਂ ਸਾਨੂੰ ਉਨ੍ਹਾਂ ਦੀ ਸੁਣਨੀ ਚਾਹੀਦੀ ਹੈ। ਬੁੱਧਵਾਨ ਨੇ ਕਿਹਾ ਹੈ, ''ਗੱਲ ਸੁਣਨ ਤੋਂ ਪਹਿਲਾਂ ਜਿਹੜਾ ਉੱਤਰ ਦਿੰਦਾ ਹੈ, ਇਹ ਉਹਦੇ ਲਈ ਮੂਰਖਤਾਈ ਅਤੇ ਲਾਜ ਹੈ'' (ਕਹਾਉਤਾਂ 18:13)। ਜਦ ਦੂਸਰੇ ਬੋਲ ਰਹੇ ਹੋਣ, ਤਾਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਸੁਣਨ ਦੀ ਬਜਾਏ ਉਸ ਉੱਤੇ ਵਿਚਾਰ ਕਰ ਰਹੇ ਹੁੰਦੇ ਹਨ ਜੋ ਉਹਦੇ ਬਾਅਦ ਜਵਾਬ ਵਿਚ ਅਸਾਂ ਕਹਿਣਾ ਹੁੰਦਾ ਹੈ। ਸੁਣਨਾ ਸਿੱਖੋ, ਸਿਰਫ਼ ਕੰਨਾ ਨਾਲ ਹੀ ਨਹੀਂ, ਸਗੋਂ ਦਿਲ ਨਾਲ ਵੀ ਸੁਣਨਾ ਸਿੱਖੋ। ਮਨੋਵਿਗਿਆਨੀ ਦੱਸਦੇ ਹਨ ਕਿ ਕਈ ਵਾਰ ਬੱਚੇ ਦਾਣੇ ਥੁੱਕ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਦਾਣਿਆਂ ਦਾ ਸਵਾਦ ਚੰਗਾ ਨਹੀਂ ਲਗਦਾ, ਪਰ ਕਈ ਵਾਰ ਉਹ ਨਰਾਜ਼ਗੀ ਜ਼ਾਹਰ ਕਰਨ ਲਈ ਵੀ ਦਾਣੇ ਥੁੱਕ ਦਿੰਦੇ ਹਨ। ਸਿਆਣਿਆਂ ਵਿਚ ਵੀ ਕੋਈ ਬਹੁਤਾ ਫਰਕ ਨਹੀਂ ਹੁੰਦਾ। ਜਦ ਤੁਸੀਂ ਪਰਖਣ ਵਾਲੇ ਕੰਨ ਨਾਲ ਸੁਣ ਰਹੇ ਹੋ ਤਾਂ ਵੇਖੋਗੇ ਕਿ ਅਸਲ ਮੁਸ਼ਕਿਲ ਉਹ ''ਮੁੱਦਾ'' ਨਹੀਂ ਜਿਸ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਸਗੋਂ ਕੋਈ ਹੋਰ ਹੀ ਗੱਲ ਹੈ।

## ਭਲਾ ਮੈਂ ਲੋਕਾਂ ਦੀ ਬਜਾਏ ਮੁੱਦਿਆਂ ਤੇ ਧਿਆਨ ਦਿੰਦਾ ਹਾਂ? (15:7-11)

ਜਦ ਸਭ ਲੋਕ ਆਪੋ ਆਪਣੇ ਵਿਚਾਰ ਦੱਸ ਰਹੇ ਸਨ ਤਾਂ ਪਤਰਸ ਉੱਠ ਖਲੋਤਾ ਅਤੇ ਬੋਲਣ ਲੱਗਾ (ਆਇਤ 7)। ਪਿਛਲੇ ਪਾਠ ਵਿਚ ਅਸੀਂ ਉਹਦੇ ਉਪਦੇਸ਼ ਦਾ ਅਧਿਐਨ ਕੀਤਾ ਸੀ ਇਸ ਕਰਕੇ ਮੈਂ ਉਹਨੂੰ ਦੁਹਰਾਵਾਂਗਾ ਨਹੀਂ, ਪਰ ਉਸ ਨੂੰ ਪੜ੍ਹਨ ਲਈ ਕੁਝ ਪਲ ਜ਼ਰੂਰ ਦਿਓ (ਆਇਤ 7-11)। ਪਤਰਸ ਨੇ ਅੰਤਾਕੀਆ ਜਾਣ ਵਾਲੇ ਸ਼ਰਾਰਤੀਆਂ ਦਾ ਨਾਂਅ ਕਿੰਨੀ ਵਾਰ ਲਿਆ? ਜਵਾਬ ਹੈ, ''ਇਕ ਵਾਰ ਵੀ ਨਹੀਂ।'' ਪੌਲੁਸ, ਬਰਨਬਾਸ ਅਤੇ ਯਾਕੂਬ ਦੇ ਉਪਦੇਸ਼ਾਂ ਤੇ ਨਜ਼ਰ ਮਾਰੋ (ਆਇਤਾਂ 12-29)। ਉਨ੍ਹਾਂ ਲੋਕਾਂ ਨੇ ਯਹੂਦੀ ਸਿੱਖਿਆ ਦੇਣ ਵਾਲਿਆਂ ਦਾ ਨਾਂਅ ਕਿੰਨੀ ਵਾਰ ਲਿਆ? ਅੰਤਾਕੀਆ ਦੀ ਕਲੀਸੀਆ ਦੇ ਨਾਂਅ ਚਿੱਠੀ ਵਿਚ ਇਸ ਤਰ੍ਹਾਂ ਜ਼ਿਕਰ ਹੋਇਆ ਕਿ ''ਕਈ ਸਾਡੇ ਵਿੱਚੋਂ ਨਿੱਕਲੇ ਜਿਨ੍ਹਾਂ ... ਤੁਹਾਨੂੰ ... ਘਬਰਾ ਦਿੱਤਾ ...'' (ਆਇਤ 24), ਪਰ ਕਿਸੇ ਦਾ ਵੀ ਨਾਂਅ ਨਹੀਂ ਲਿਆ ਗਿਆ। ਪਤਰਸ, ਪੌਲੁਸ, ਬਰਨਬਾਸ ਅਤੇ ਯਾਕੂਬ ਨੇ ਆਦਮੀਆਂ ਉੱਤੇ ਨਹੀਂ ਸਗੋਂ ਝਗੜਿਆਂ ਉੱਤੇ ਧਿਆਨ ਕੇਂਦਰਤ ਕੀਤਾ। ਮੇਰੇ ਤਜਰਬੇ ਵਿਚ, ਨਾਂਅ ਲੈਣ ਨਾਲ ਕਦੇ ਵੀ ਭਲਿਆਈ[16] ਨਹੀਂ ਨਿੱਕਲਦੀ ਸਗੋਂ ਆਮ ਤੌਰ ਤੇ ਇਸ ਨਾਲ ਬਹੁਤ ਨੁਕਸਾਨ ਹੁੰਦਾ ਹੈ। ਇਸ ਨਾਲ ਝਗੜੇ ਤੋਂ ਧਿਆਨ ਹਟ ਜਾਂਦਾ ਹੈ, ਅਤੇ ਲੂਕਾ 16 ਅਧਿਆਇ ਵਾਲੀ ਖੱਡ ਵਰਗੀ ਇਕ ਬਹੁਤ ਵੱਡੀ ਖੱਡ ਬਣ ਜਾਂਦੀ ਹੈ ਜਿਸ ਨੂੰ ਪਾਰ ਨਹੀਂ ਕੀਤਾ ਜਾ ਸਕਦਾ। ਇਸ ਪਾਠ ਤੋਂ ਸਬਕ ਲੈ ਲਓ: ਸਿਧਾਂਤਾਂ ਦੀ ਗੱਲ ਕਰੋ, ਨਾ ਕਿ ਬੰਦਿਆਂ ਦੀ।

## ਭਲਾ ਮੈਂ ਬਾਈਬਲ ਨਾਲ ਜੁੜਿਆ ਹੋਇਆ ਹਾਂ? (15:12-18)

ਪਤਰਸ ਦੇ ਉਪਦੇਸ਼ ਨੇ ਭੀੜ ਨੂੰ ਚੁੱਪ ਕਰਾ ਦਿੱਤਾ। ਫਿਰ ਬਰਨਬਾਸ[17] ਅਤੇ ਪਤਰਸ ਨੇ ਆਪਣੀ ਮਿਸ਼ਨਰੀ ਯਾਤਰਾ ਬਾਰੇ ਦੱਸਿਆ। ਲੂਕਾ ਨੇ ਉਨ੍ਹਾਂ ਦੀਆਂ ਗੱਲਾਂ ਲਿਖੀਆਂ ਨਹੀਂ, ਕਿਉਂਕਿ ਉਹਨੇ ਪਹਿਲਾਂ ਹੀ ਅਧਿਆਇ 13 ਅਤੇ 14 ਵਿਚ ਵਿਸਤਾਰ ਨਾਲ ਦੱਸ ਦਿੱਤਾ ਸੀ। ਇਕ ਵਾਰ ਫੇਰ ਪੌਲੁਸ ਅਤੇ ਬਰਨਬਾਸ ਨੇ ''ਪ੍ਰਮੇਸ਼ਵਰ ਨੇ ਸਾਡੇ ਨਾਲ ਕੀ ਕੀ ਕੀਤਾ'' ਸ਼ਬਦ ਨੂੰ ਜੋੜ ਦਿੱਤਾ। ਪਰ ਇਸ ਵਾਰੀ ਉਨ੍ਹਾਂ ਦਾ ਜ਼ੋਰ ਇਸ ਗੱਲ ਤੇ ਸੀ ਕਿ ''ਪ੍ਰਮੇਸ਼ਵਰ ਨੇ ਕਿਹੇ ਕਿਹੇ ਨਿਸ਼ਾਨ ਅਤੇ ਅਚੰਭੇ'' ਉਨ੍ਹਾਂ ਦੇ ਹੱਥੀਂ ਵਿਖਾਏ (ਆਇਤ 12)। ਇਹ ਅਚੰਭੇ ਇਸ ਗੱਲ ਦਾ ਸਬੂਤ ਸਨ ਕਿ ਖ਼ੁਦਾ ਉਨ੍ਹਾਂ ਦੇ ਨਾਲ ਸੀ (ਇਬਰਾਨੀਆਂ 2:4) ਅਤੇ ਇਸ ਲਈ ਗੈਰ ਕੌਮਾਂ ਵਿਚ ਉਨ੍ਹਾਂ ਦੀ ਸੇਵਕਾਈ ਖ਼ੁਦਾ ਦੀ ਮੰਜ਼ੂਰੀ ਨਾਲ ਸੀ।

ਉਨ੍ਹਾਂ ਦੇ ਬੋਲਣ ਦੇ ਬਾਅਦ, ਯਾਕੂਬ ਦੀ ਵਾਰੀ ਸੀ ਜੋ ਪ੍ਰਭੂ ਦਾ ਮਤਰੇਆ ਭਰਾ ਸੀ।[18] ਯਾਕੂਬ ਨੇ ਉਸ ਸਭ ਦੀ ਸਮੀਖਿਆ ਕੀਤੀ ਜੋ ਪਹਿਲਾਂ ਕਿਹਾ ਗਿਆ ਸੀ: ''ਹੇ ਭਾਈਓ, ਮੇਰੀ ਸੁਣੋ। ਸ਼ਮਊਨ[19] ਨੇ ਦੱਸਿਆ ਹੈ ਭਈ ਕਿਸ ਪ੍ਰਕਾਰ ਪ੍ਰਮੇਸ਼ਵਰ ਨੇ ਪਹਿਲਾਂ ਪਰਾਈਆਂ ਕੌਮਾਂ ਉੱਤੇ ਨਿਗਾਹ ਕੀਤੀ ਤਾਂ ਜੋ ਉਨ੍ਹਾਂ ਵਿੱਚੋਂ ਇਕ ਪਰਚਾ ਆਪਣੇ ਨਾਮ ਦੇ ਲਈ ਚੁਣੇ'' (ਆਇਤਾਂ 13, 14)। ਉਸ ਦੀ ਸ਼ਬਦਾਵਲੀ ਨੇ ਕਈਆਂ ਨੂੰ ਹਿਲਾ ਦਿੱਤਾ ਹੋਵੇਗਾ। ਗੈਰ ਕੌਮਾਂ ਦੇ ਮੁਕਾਬਲੇ ਯਹੂਦੀ ''ਖ਼ੁਦਾ ਦੇ ਨਾਂਮ ਦੇ ਲੋਕ'' ਸਨ ਹੁਣ ਖ਼ੁਦਾ ''*ਪਰਾਈਆਂ ਕੌਮਾਂ ਨੂੰ* ਆਪਣੇ ਨਾਮ ਦੇ ਲਈ ਲੋਕ'' ਬਣਾ ਰਿਹਾ ਸੀ!


ਇਹ ਵਿਖਾਉਣ ਲਈ ਕਿ ਕੁਰਨੇਲਿਉਸ ਅਤੇ ਉਹਦੇ ਘਰਾਣੇ ਦਾ ਮਸੀਹੀ ਬਣਨਾ ਨਬੂਵਤ ਦਾ ਪੂਰਾ ਹੋਣਾ ਸੀ, ਯਾਕੂਬ ਫਿਰ ਖ਼ੁਦਾ ਦੇ ਵਚਨ ਨੂੰ ਵਿੱਚੋਂ ਦੱਸਣ ਲੱਗਾ। ਉਹਨੇ ਅਮੋਸ 9:11, 12 'ਚੋਂ ਦੁਹਰਾਉਂਦਿਆਂ ਕਿਹਾ (ਆਇਤਾਂ 16-18),[20] ''ਅਤੇ ਨਬੀਆਂ ਦੇ ਬਚਨ ਇਸ ਨਾਲ ਮਿਲਦੇ ਹਨ'' (ਆਇਤ 15ੳ)। ਕਲੀਸੀਆ ਵਿਚ ਝਗੜਾ ਹੋ ਜਾਣ ਤੇ, ਸਾਨੂੰ ਕਿਤਾਬ ਯਾਨੀ ਬਾਈਬਲ ਦੇ ਨੇੜੇ ਹੀ ਰਹਿਣਾ ਚਾਹੀਦਾ ਹੈ। ਤਦ ਵੀ ਜਦ ਇਹ ਅਸਹਿਮਤੀ ਸਿੱਖਿਆ ਸਬੰਧੀ ਨਾ ਹੋਵੇ, ਬਾਈਬਲ ਵਿਚ ਦਿੱਤੇ ਸਿਧਾਂਤ ਉਸ ਮੁਸ਼ਕਿਲ ਦਾ ਹੱਲ ਕਰਨ ਵਿਚ ਵੀ ਅਤੇ ਇਹ ਪੱਕ ਕਰਨ ਵਿਚ ਵੀ ਮਦਦਗਾਰ ਹੋਣਗੇ ਕਿ ਅਸੀਂ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨ ਉੱਤੇ ਧਿਆਨ ਲਾਈਏ।

## ਸਾਰ


ਇਸ ਪਾਠ ਦੇ ਸ਼ੁਰੂ ਵਿਚ, ਮੈਂ ਝਗੜੇ ਬਾਰੇ ਆਪਣੀ ਨਾਪਸੰਦਗੀ ਨੂੰ ਕਬੂਲ ਕੀਤਾ ਸੀ। ਇਸ ਪਾਠ ਨੂੰ ਖ਼ਤਮ ਕਰਦੇ ਹੋਏ, ਮੈਂ ਤੁਹਾਥੋਂ ਪੁੱਛਦਾ ਹਾਂ ਕਿ ਤੁਹਾਨੂੰ ਝਗੜਾ ਕਿਹੋ ਜਿਹਾ ਲਗਦਾ ਹੈ? ਜਦ ਵਿਸ਼ਵਾਸੀ ਭਾਈ ਆਪਸ ਵਿਚ ਅਸਹਿਮਤ ਹੁੰਦੇ ਹਨ ਤਾਂ ਤੁਹਾਡੀ *ਪ੍ਰਤੀਕ੍ਰਿਆ* ਕੀ ਹੁੰਦੀ ਹੈ? ਕੀ ਤੁਸੀਂ ਭੈਭੀਤ ਹੋ ਜਾਂਦੇ ਹੋ? ਕੀ ਤੁਸੀਂ ਖੇਰੂੰ-ਖੇਰੂੰ ਹੋ ਜਾਂਦੇ ਹੋ? ਕੀ ਤੁਸੀਂ ਛੱਡ ਜਾਣਾ ਚਾਹੁੰਦੇ ਹੋ? ਜੇ ਸਾਨੂੰ ਇਸ ਅਤੇ ਅਗਲੇ ਪਾਠ ਵਿਚ ਹੋਰ ਕੁਝ ਨਹੀਂ ਮਿਲਿਆ ਤਾਂ ਮੈਨੂੰ ਐਨੀ ਉਮੀਦ ਹੈ ਕਿ ਅਸੀਂ ਇਹ ਤਾਂ ਸਮਝ ਹੀ ਸਕਦੇ ਹਾਂ ਕਿ ਖ਼ੁਦਾ ਦੀ ਮਦਦ ਨਾਲ, ਝਗੜੇ ਦਾ ਨਿਪਟਾਰਾ ਇਵੇਂ ਕੀਤਾ ਜਾ ਸਕਦਾ ਹੈ ਜਿਸ ਨਾਲ ਉਸ ਨੂੰ ਵਡਿਆਈ ਮਿਲੇ।

# ਵਿਜ਼ੂਅਲ-ਏਡ ਨੋਟਸ

ਇਹ ਜ਼ੋਰ ਦੇਣ ਲਈ ਕਿ ਸਮਾਂ ਦਿਓ ਕਿ ਰਸੂਲਾਂ ਦੇ ਕੰਮ 15 ਅਧਿਆਇ ਵਾਲੀ ਸਭਾ ਕਿਸੇ ਫਿਰਕੂ ਕਲੀਸੀਆ ਦੀ ਕਾਨਫ੍ਰੰਸ ਜਾਂ ਕਨਵੈਂਸ਼ਨ ਨਹੀਂ ਸੀ। ਫਿਰਕੂ ਕਲੀਸੀਆ ਦੀ ਕਾਂਨਫ੍ਰੰਸ ਨੂੰ ਦਰਸਾਉਂਦਾ ਹੇਠਾਂ ਦਿੱਤਾ ਚਾਰਟ ਬੋਰਡ ਜਾਂ ਗੱਤੇ ਉੱਤੇ ਬਣਾਇਆ ਜਾ ਸਕਦਾ ਹੈ।




ਉੱਪਰ ਦਿੱਤੇ ਰੇਖਾਚਿੱਤਰ ਦੇ ਉਲਟ, ਰਸੂਲਾਂ ਦੇ ਕੰਮ 15 ਵਿਚ (1) ਖ਼ੁਦਾ ਦੀ ਪ੍ਰੇਰਣਾ ਰਹਿਤ ਲੋਕ, (2) ਨੁਮਾਇੰਦੇ ਅਤੇ (3) ਵਿਚਾਰ ਦੀਆਂ ਗੱਲਾਂ ਸ਼ਾਮਲ ਨਹੀਂ ਸਨ, ਸਗੋਂ (1) ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੋਕ, (2) ''ਸਾਰੀ ਕਲੀਸੀਆ'' ਅਤੇ (3) ਮੁਕਤੀ ਦਾ ਮੁੱਦਾ ਸ਼ਾਮਲ ਸੀ। ਹੇਠਾਂ ਦਿੱਤੇ ਚਾਰਟ ਤੋਂ ਪਤਾ ਲਗਦਾ ਹੈ ਕਿ ਰਸੂਲਾਂ ਦੇ ਕੰਮ 15 ਵਿਚ ਇੱਕੋ ਕਲੀਸੀਆ ਨੇ ਸਵਾਲ ਦੇ ਕੇ ਦੂਜੀ ਕਲੀਸੀਆ ਵਿਚ ਲੋਕ ਭੇਜੇ ਜਿੱਥੇ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੋਕ ਸਨ।




ਕੈਥੋਲਿਕ ਚਰਚ ਦੀਆਂ ਕੌਂਸਿਲਾਂ ਦੀ ਯਰੂਸ਼ਲਮ ਦੀ ਸਭਾ ਨਾਲ ਤੁਲਨਾ ਕਰਨ ਲਈ ਇਸ ਚਾਰਟ ਦੀ ਮਦਦ ਲਈ ਜਾ ਸਕਦੀ ਹੈ।

## ਸਰਮਨ ਨੋਟਸ

6 ਤੋਂ 29 ਆਇਤਾਂ ਦੀ ਆਮ ਸਭਾ ਦੀ ਰੂਪਰੇਖਾ ਇਸ ਤਰ੍ਹਾ ਦਿੱਤੀ ਜਾ ਸਕਦੀ ਹੈ: (1) ਪਤਰਸ ਦਾ ਤਰਕ (ਆਇਤਾਂ 7-11), (2) ਬਰਨਾਬਾਸ ਅਤੇ ਪੌਲੁਸ ਦੀ ਰਿਪੋਰਟ (ਆਇਤ 12), ਯਾਕੂਬ ਦੀ ਸਿਫ਼ਾਰਿਸ਼ (ਆਇਤਾਂ 13-29)।

---

ਟਿੱਪਣੀਆਂ

[1]ਜੇ ਇਸ ਝਗੜੇ ਨੂੰ ਸਹੀ ਢੰਗ ਨਾਲ ਨਾ ਨਿਪਟਾਇਆ ਗਿਆ ਹੁੰਦਾ ਤਾਂ ਇਹ ਬਹੁਤ ਸਾਰੀਆਂ ਮੰਡਲੀਆਂ ਵਿਚ ਫੈਲ ਜਾਣਾ ਸੀ। [2]ਫੇਰ, ਇਹ ਮੰਨਦੇ ਹੋਏ ਕਿ ਉਹੀ (ਅਰਥਾਤ ਉਹੋ ਜਿਹੀ ਹੀ) ਘਟਨਾ ਇਸ ਆਇਤ ਵਿਚ ਸ਼ਾਮਲ ਹੈ, ਮੈਂ ਗਲਾਤੀਆਂ 2 ਦੇ ਕੁਝ ਵੇਰਵੇ ਜੋੜਾਂਗਾ। [3]ਯਰੂਸ਼ਲਮ ਦੀ ਕਲੀਸੀਆ ਵਿਚ ਉੱਠਣ ਵਾਲੇ ਝਗੜੇ ਨੂੰ ਰਸੂਲਾਂ ਨੇ ਕਿਵੇਂ ਨਿਪਟਾਇਆ, ਬਾਰੇ *ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਜਦ ਚੀਜ਼ਾਂ ਤਰੇੜਾਂ ਵਿੱਚੋਂ ਦੀ ਡਿੱਗਦੀਆਂ ਹਨ'' ਪਾਠ ਵਿਚ ਟਿੱਪਣੀਆਂ ਵੇਖੋ। [4]ਇਕ ਜਾਂ ਦੋ ਅਪਵਾਦ ਹੋ ਸਕਦੇ ਹਨ (ਕਈ ਲੋਕਾਂ ਝਗੜਾ ਖੂਬ ਵਧਾਉਂਦੇ ਲੱਗਦੇ ਹਨ, ਪਰ ਆਮ ਤੌਰ ਤੇ ਇਹੀ ਗੱਲ ਸੱਚ ਹੈ)। [5]ਅਗਲਾ ਪਾਠ ਵੇਖੋ। [6]ਆਮ ਤੌਰ ਤੇ ਅਸੀਂ ਕਹਿੰਦੇ ਹਾਂ ਕਿ ''ਖ਼ੁਦਾ ਪਾਪ ਨਾਲ ਨਫ਼ਰਤ ਕਰਦਾ ਹੈ, ਪਾਪੀ ਨਾਲ ਨਹੀਂ।'' ਇਸ ਮਾਮਲੇ ਵਿਚ, ਲਿਖਤ ਦੱਸਦੀ ਹੈ ਕਿ ਖ਼ੁਦਾ *ਉਸ ਸ਼ਖ਼ਸ* ਨਾਲ ਨਫ਼ਰਤ ਕਰਦਾ ਹੈ ''ਜੋ ਭਾਈਆਂ ਵਿਚ ਝਗੜਾ ਫੈਲਾਉਂਦਾ ਹੈ।'' ਰੂਹਾਨੀ ਗੜਬੜ ਫੈਲਾਉਣ ਵਾਲਾ ਹੋਣਾ ਸੱਚਮੁੱਚ ਖ਼ਤਰਨਾਕ ਪਾਪ ਹੈ। [7]ਰਸੂਲਾਂ ਦੇ ਕੰਮ ਉੱਤੇ ਇਸ ਲੜੀ ਵਿਚ ਅਗਲੀ ਕਿਤਾਬ ਵਿਚ ਰਸੂਲਾਂ ਦੇ ਕੰਮ 20:28 ਤੇ ਟਿੱਪਣੀਆਂ ਵੇਖੋ। [8]ਬਾਹਰ ਤੋਂ ਮਦਦ ਦੀ ਇੱਛਾ ਕਰਨ ਦਾ ਇਕ ਹੋਰ ''ਸਿੱਧਾ'' ਤਰੀਕਾ ਹੈ। ਕਈ ਵਾਰ ਮੈਨੂੰ ਕਿਸੇ ਮੰਡਲੀ ਦੇ ਆਗੂਆਂ ਵੱਲੋਂ ਸਿੱਖਿਆ ਸਬੰਧੀ ਜਾਂ ਵਿਹਾਰਕ ਮੁੱਦੇ ਉੱਤੇ ਜਿਸ ਤੋਂ ਮੰਡਲੀ ਪਰੇਸ਼ਾਨ ਹੋਵੇ, ਇਕ ਪਾਠ ਜਾਂ ਪਾਠਾਂ ਦੀ ਲੜੀ ਦੇ ਰੂਪ ਵਿਚ ਪ੍ਰਚਾਰ ਕਰਨ ਲਈ ਕਿਹਾ ਜਾਂਦਾ ਹੈ। ਦੀਨਤਾ ਅਤੇ ਪਿਆਰ ਦੇ ਸੁਭਾਅ ਵਿਚ ਕੀਤਾ ਗਿਆ ਅਜਿਹਾ ਕੰਮ ਕਈ ਵਾਰ ਤੁਫ਼ਾਨਾਂ ਨੂੰ ਥੰਮ੍ਹ ਸਕਦਾ ਹੈ। [9]ਵਾਰੇਨ ਡਬਲਯੂ ਵਿਯਰਸਬੇ, *ਦ ਬਾਈਬਲ ਐਕਸਪੋਜਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989), 461-62. [10]ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਜ਼,* ਅੰਕ 2 (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 70S ਵਿਚ ਦੁਹਰਾਇਆ ਗਿਆ ਐਫ਼. ਡਬਲਯੂ. ਫੱਰਾਰ, *ਦ ਲਾਈਫ਼ ਐਂਡ ਵਰਕ ਆਫ਼ ਸੇਂਟ ਪਾਲ,* ਅੰਕ 1 (ਲੰਦਨ: ਕੈਸਲ, ਪੈਟਰ, ਗਾਲਪਿਨ ਐਂਡ ਕੰ., 1879), 431.

[11]''ਕੁਝ ਦੂਰ ਪੁਚਾਏ ਗਏ'' ਤੋਂ ਸੰਕੇਤ ਮਿਲਦਾ ਹੈ ਕਿ ਕਲੀਸੀਆ ਨੇ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਸਫ਼ਰ ਵਿਚ ਕੰਮ ਆਉਣ ਵਾਲੀਆਂ ਜ਼ਰੂਰੀ ਚੀਜ਼ਾਂ ਵੀ ਮੁਹੱਈਆ ਕਰਵਾਈਆਂ। [12]ਫੈਨੀਕੇ ਅਤੇ ਸਾਮਰੀਆਂ ਦੇ ਭਾਈਆਂ ਵਿਚ ਗੈਰ ਕੌਮ ਮਸੀਹੀਆਂ ਦੇ ਖ਼ਿਲਾਫ਼ ਉਹੋ ਜਿਹਾ ਕੋਈ ਮੁਤਅੱਸਬ ਨਹੀਂ ਸੀ ਜਿਹੋ ਜਿਹਾ ਯਰੂਸ਼ਲਮ ਦੇ ਕੁਝ ਭਾਈਆਂ ਦੇ ਮਨ ਵਿਚ ਸੀ। ਇਨ੍ਹਾਂ ਇਲਾਕਿਆਂ ਵਿਚ ਕਲੀਸੀਆਵਾਂ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀ ਮਸੀਹੀਆਂ ਦੀਆਂ ਇੰਜੀਲੀ ਕੋਸ਼ਿਸ਼ਾਂ ਦਾ ਨਤੀਜਾ ਸਨ (8:5-25; 11:19)। [13]ਇਹ ਕੋਈ ਤਿੰਨ ਕੁ ਸੌ ਮੀਲ ਦਾ ਸਫ਼ਰ ਸੀ, ਸੋ ਇਸ ਵਿਚ ਕਾਫ਼ੀ ਵਕਤ ਲੱਗਾ ਹੋਵੇਗਾ। [14]ਧਿਆਨ ਦਿਓ ਕਿ ਯਰੂਸ਼ਲਮ ਦੀ ਕਲੀਸੀਆ ਦੀ ਲੀਡਰਸ਼ਿਪ ਰਸੂਲਾਂ ਦੇ ਅਸਥਾਈ ਅਹੁੱਦੇ ਨਾਲ ਲਗਾਤਾਰ ਐਲਡਰਾਂ ਦੇ ਸਥਾਈ ਅਹੁੱਦੇ ਤਕ ਜਾਰੀ ਰਹੀ। ਰਸੂਲਾਂ ਦੇ ਕੰਮ 15 ਅਧਿਆਇ ਵਿਚ ਐਲਡਰ ਫ਼ੈਸਲਾ ਲੈਣ ਦੀ ਹਰ ਗੱਲ ਵਿਚ ਸ਼ਾਮਲ ਸਨ (ਆਇਤਾਂ 2, 4, 6, 22, 23)। [15]''ਵਾਦ'' ਸ਼ਬਦ ਓਸੇ ਯੂਨਾਨੀ ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਨੁਵਾਦ ਆਇਤ 2 ਵਿਚ ''ਵਾਦ'' ਭਾਵ ਬਹਿਸ ਹੋਇਆ ਹੈ। ਭਾਸ਼ਣਬਾਜੀ ਕਾਫ਼ੀ ਤੇਜ ਸੀ ਭਾਵ ਸਭਾ ਵਿਚ ਕਾਫ਼ੀ ਰੌਲਾ ਸੀ! [16]ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਵਿਰੋਧੀਆਂ ਦੇ ਨਾਂਅ ਦਾ ਜ਼ਿਕਰ ਕੀਤਾ (1 ਤਿਮੋਥਿਉਸ 1:20; 3 ਯੂਹੰਨਾ 9; ਆਦਿ), ਇਸ ਲਈ ਅਸੀਂ ਇਸ ਸੰਭਾਵਨਾ ਨੂੰ ਪਰੇ ਨਹੀਂ ਕਰ ਸਕਦੇ ਕਿ ਅਜਿਹੇ ਮੌਕੇ

© 2009 Truth for Today